ਬੱਚਿਆਂ ਲਈ ਬਾਈਬਲ

ਉੱਪਸਥਿਤ



# ਇੱਕ ਰਾਜਕੁਮਾਰ ਅਯਾਲੀ ਬਣਿਆ

ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : M. Maillot; Lazarus

ਦੁਆਰਾ ਬਦਲਿਆ ਗਿਆ : E. Frischbutter; Sarah S.

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਣਾਇਆ ਗਿਆ : Bible for Children
www.M1914.org

©2014 Bible for Children, Inc.
ਆਗਿਆ ਦੇਣ.ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ
ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।


ਇੱਕ ਦਿਨ ਮੂਸਾ ਨੇ ਵੇਖਿਆ ਕੇ ਇੱਕ
ਮਿਸਰੀ ਇੱਕ ਇਬਰਾਨੀ ਦਾਸ ਨੂੰ ਮਾਰ
ਰਿਹਾ ਸੀ। ਭਾਵੇ ਮੂਸਾ ਫ਼ਿਰਾਊਨ
ਦੇ ਘਰ ਵਿੱਚ ਪੜਿਆ ਅਤੇ
ਵੱਡਾ ਹੋਇਆ ਸੀ, ਉਹ ਵੀ
ਇਬਰਾਨੀ ਸੀ। ਉਸ ਨੇ
ਦਾਸ ਦੀ ਮਦਦ
ਕਰਨੀ ਸੀ।

ਉਸ ਨੇ ਆਸੇ ਪਾਸੇ ਝਾਕਿਆ ਕੇ ਕਿਤੇ ਕੋਈ ਵੇਖ ਤਾਂ ਨਾ ਨਹੀ ਰਿਹਾ, ਮੂਸਾ ਨੇ ਉਸ ਦਾਸ ਦੇ ਕਠੋਰ ਮਾਲਕ ਉੱਤੇ ਹਮਲਾ ਕੀਤਾ। ਲੜਾਈ ਵਿੱਚ ਮੂਸਾ ਨੇ ਮਿਸਰੀ ਨੂੰ ਮਾਰ ਦਿੱਤਾ। ਜਲਦ ਹੀ ਉਸ ਨੇ ਸਰੀਰ ਨੂੰ ਦਫ਼ਨਾ ਦਿੱਤਾ।



ਦੂਸਰੇ ਦਿਨ, ਮੂਸਾ ਨੇ ਦੋ ਇਬਰਾਨੀਆਂ ਨੂੰ ਲੜਦੇ ਵੇਖਿਆ। ਉਸਨੇ ਉਹਨਾਂ ਨੂੰ ਰੋਕਣ ਦੀ ਕੋਸ਼ੀਸ਼ ਕੀਤੀ। ਇੱਕ ਨੇ ਕਿਹਾ, “ਕੀ ਤੂੰ ਮੈਨੂੰ ਮਾਰੇਂਗਾ ਜਿਵੇਂ ਮਿਸਰੀ ਨੂੰ ਮਾਰਿਆ?” ਮੂਸਾ ਡਰ ਗਿਆ ਸੀ। ਸਾਰੇ ਲੋਕ ਗੁਜਰੇ ਹੋਏ ਦਿਨ ਦੇ ਬਾਰੇ ਜਾਣਦੇ ਸਨ। ਫ਼ਿਰਾਊਨ ਜਾਣਦਾ ਸੀ। ਮੂਸਾ ਨੂੰ ਬਚਣਾ ਸੀ। ਉਹ ਇੱਕ ਦੇਸ਼ ਨੂੰ ਗਿਆ ਜਿਸ ਦਾ ਨਾ ਮਿਦਯਾਨ ਸੀ।



ਜਦ ਮੂਸਾ ਖੂਹ ਦੇ ਕਿਨਾਰੇ ਅਰਾਮ ਕਰ ਰਿਹਾ ਸੀ, ਮਿਦਯਾਨ ਦੇ ਯਾਜਕ ਦੀਆਂ ਸੱਤ ਲੜਕੀਆਂ ਨੇ ਆਪਣੇ ਪਿਤਾ ਦੇ ਇੱਜੜ ਲਈ ਚਬੱਚੇ ਵਿੱਚ ਪਾਣੀ ਭਰਿਆ।



ਬਾਕੀ ਅਯਾਲੀਆਂ ਨੇ ਉਹਨਾਂ ਨੂੰ ਪਾਸੇ ਧੱਕਾ ਦੇਣ ਦੀ ਕੋਸ਼ੀਸ਼ ਕੀਤੀ।
ਮੂਸਾ ਨੇ ਔਰਤਾ ਨੂੰ ਬਚਾਇਆ ਅਤੇ ਮਦਦ ਕੀਤੀ।




“ਤੁਸੀ ਘਰ ਜਲਦੀ ਆ ਗਈਆਂ!” ਲੜਕੀਆਂ ਦਾ ਪਿਤਾ ਚਿਲਾਇਆ। ਜਦ ਲੜਕੀਆਂ ਨੇ ਉਸਦਾ ਕਾਰਨ ਦੱਸਿਆ, ਉਸਨੇ ਕਿਹਾ, “ਉਸ ਆਦਮੀ ਨੂੰ ਇੱਥੇ ਲਿਆਉ।” ਮੂਸਾ ਰਊਏਲ ਦੇ ਨਾਲ ਰਹਿੰਦਾ ਸੀ, ਜਿਸ ਨੂੰ ਜੈਥਰੋ ਕਿਹਾ ਜਾਂਦਾ ਸੀ। ਬਾਅਦ ਵਿੱਚ, ਮੂਸਾ ਦਾ ਵਿਆਹ ਰਊਏਲ ਦੀ ਵੱਡੀ ਲੜਕੀ ਨਾਲ ਹੋਇਆ।


ਪਿੱਛੇ ਮਿਸਰ ਵਿੱਚ, ਫ਼ਿਰਾਊਨ ਮਰ ਗਿਆ ਸੀ। ਪਰਮੇਸ਼ਵਰ ਦੇ ਲੋਕ ਇਬਰਾਨੀ ਅਜੇ ਵੀ ਗੁਲਾਮ ਸਨ। ਉਹ ਆਪਣੇ ਦੁੱਖ ਵਿੱਚ ਕਿਵੇਂ ਕਰਾਹ ਰਹੇ ਸਨ!
ਉਹਨਾਂ ਨੇ ਕਿਵੇਂ ਪਰਮੇਸ਼ਵਰ ਦੀ ਸਹਾਇਤਾ ਲਈ ਪ੍ਰਾਥਨਾ ਕੀਤੀ! ਪਰਮੇਸ਼ਵਰ ਨੇ ਉਹਨਾਂ ਦੀ ਪ੍ਰਾਥਨਾ ਨੂੰ ਸੁਣਿਆ।

ਮੂਸਾ ਇਹ ਨਹੀ ਜਾਣਦਾ ਸੀ, ਪਰ ਪਰਮੇਸ਼ਵਰ ਨੇ ਉਸ ਨੂੰ ਗੁਲਾਮ ਇਬਰਾਨੀਆਂ ਦੀ ਮਦਦ ਲਈ ਇਸਤੇਮਾਲ ਕਰਨ ਦੀ ਯੋਜਨਾ ਬਣਾਈ। ਮੂਸਾ ਨੂੰ ਮਿਸਰ ਨੂੰ ਛੱਡਿਆਂ ਚ੍ਹਾਲੀ ਸਾਲ ਬੀਤ ਗਏ ਸਨ। ਉਹ ਰਊਏਲ ਦੇ ਇੱਜ਼ੜ ਦਾ ਅਯਾਲੀ ਸੀ। ਪਰ ਉਹ ਜਰੂਰ ਮਿਸਰ ਵਿਚਲੇ ਆਪਣੇ ਲੋਕਾਂ ਨੂੰ ਯਾਦ ਕਰਦਾ ਹੋਵੇਗਾ।



ਇੱਕ ਦਿਨ ਮੂਸਾ ਨੇ ਵੇਖਿਆ ਕੇ ਕੋਲ ਹੀ ਝਾੜੀ ਵਿੱਚ ਅੱਗ ਲੱਗੀ ਹੈ। ਪਰ ਅੱਗ ਝਾੜੀ ਨੂੰ ਸਾੜ ਨਹੀ ਰਹੀ ਹੈ। ਮੂਸਾ ਨੇ ਉਸ ਦਾ ਕਾਰਨ ਲੱਭਣ ਦਾ ਫ਼ੈਸਲਾ ਕੀਤਾ।



ਜਿਵੇ ਹੀ ਮੂਸਾ ਪਹੁੰਚਿਆ, ਪਰਮੇਸ਼ਵਰ ਨੇ ਉਸ ਨੂੰ ਝਾੜੀ ਵਿੱਚੋਂ ਬੁਲਾਇਆ। "ਮੂਸਾ!" "ਮੈਂ ਇੱਥੇ ਹਾਂ," ਮੂਸਾ ਨੇ ਕਿਹਾ। "ਜਿਆਦਾ ਨੇੜੇ ਨਾ ਆ," ਪਰਮੇਸ਼ਵਰ ਨੇ ਕਿਹਾ। "ਆਪਣੀ ਜੁੱਤੀ ਉਤਾਰ ਦੇ, ਕਿਉਂਕਿ ਜਿੱਥੇ ਤੂੰ ਖੜ੍ਹਾ ਹੈਂ ਉਹ ਪਵਿੱਤਰ ਜਗਾ ਹੈ।"



ਪਰਮੇਸ਼ਵਰ ਨੇ ਕਿਹਾ, “ਮੈਂ ਤੈਨੂੰ ਫ਼ਿਰਾਊਨ ਕੋਲ ਆਪਣੇ ਲੋਕਾਂ ਨੂੰ ਮਿਸਰ ਵਿੱਚੋਂ ਬਾਹਰ ਲਿਆਉਣ ਲਈ ਭੇਜਾਂਗਾ।” ਪਰ ਮੂਸਾ ਜਾਣ ਤੋਂ ਡਰ ਰਿਹਾ ਸੀ।



ਤਦ ਪਰਮੇਸ਼ਵਰ ਨੇ ਮੂਸਾ ਨੂੰ ਆਪਣੀ ਮਹਾਨ ਤਾਕਤ ਵਿਖਾਈ।
ਉਸ ਨੇ ਮੂਸਾ ਦੀ ਲਾਠੀ ਨੂੰ ਸੱਪ ਬਣਾ ਦਿੱਤਾ।



ਜਦ ਮੂਸਾ ਨੇ ਸੱਪ ਨੂੰ ਪੂਛ ਤੋਂ ਫੜ ਕੇ ਚੁੱਕਿਆ ਉਹ ਇੱਕ ਵਾਰ ਫਿਰ ਲਾਠੀ ਬਣ ਗਿਆ। ਪਰਮੇਸ਼ਵਰ ਨੇ ਦੂਸਰਾ ਚਿੰਨ ਦਿੱਤਾ।



ਉਸਨੇ ਹੁਕਮ ਦਿੱਤਾ, “ਆਪਣੀ ਸ਼ਾਤੀ ਉੱਤੇ ਹੱਥ ਰੱਖ।” ਮੂਸਾ ਨੇ ਉਵੇਂ ਹੀ ਕੀਤਾ। ਉਸਦਾ ਹੱਥ ਸਫ਼ੇਦ ਕੋੜ ਨਾਲ ਭਰ ਗਿਆ।



ਜਦ ਉਸ ਨੇ ਦੁਬਾਰਾ ਕੀਤਾ ਉਸ ਦਾ ਹੱਥ ਠੀਕ ਹੋ ਗਿਆ।



ਮੂਸਾ ਨੇ ਹੁਣ ਵੀ ਮ੍ਹਨਾ ਕੀਤਾ। “ਮੈਂ ਠੀਕ ਤ੍ਹਰਾਂ ਬੋਲ ਨਹੀ ਸਕਦਾ,” ਉਸਨੇ ਪਰਮੇਸ਼ਵਰ ਨੂੰ ਕਿਹਾ। ਪਰਮੇਸ਼ਵਰ ਗੁੱਸਾ ਹੋ ਗਿਆ। “ਮੈਂ ਤੇਰੇ ਭਰਾ ਹਾਰੂਨ ਦਾ ਇਸਤੇਮਾਲ ਕਰਾਂਗਾ, ਜੋ ਸ਼ਬਦ ਤੂੰ ਉਸ ਨੂੰ ਕਹੇਂਗਾ ਉਹ ਬੋਲੇਗਾ,” ਉਸਨੇ ਆਖਿਆ।



ਮੂਸਾ ਜੈਥਰੋ ਦੇ ਕੋਲ ਵਾਪਸ ਗਿਆ,
ਆਪਣਾ ਸਮਾਨ ਬੰਨਿਆ ਅਤੇ
ਮਿਸਰ ਲਈ ਚੱਲ ਪਿਆ।



ਪਰਮੇਸ਼ਵਰ ਨੇ ਮੂਸਾ ਦੇ ਭਰਾ ਹਾਰੂਨ
ਦੀ ਅਗਵਾਈ ਮੂਸਾ ਨੂੰ ਪਹਾੜ ਉੱਤੇ
ਮਿਲਣ ਲਈ ਕੀਤੀ। ਮੂਸਾ ਨੇ ਹਾਰੂਨ ਨੂੰ
ਪਰਮੇਸ਼ਵਰ ਦੀ ਸਾਰੀ ਯੋਜਨਾ ਦੇ ਬਾਰੇ
ਦੱਸ ਦਿੱਤਾ ਕੇ ਉਹ ਕਿਵੇਂ ਇਬਰਾਨੀ
ਲੋਕਾਂ ਨੂੰ ਮਿਸਰੀਆਂ
ਤੋਂ ਛੁਡਾਵੇਗਾ।



ਉਹ ਇਸ ਖ਼ਬਰ ਨੂੰ ਇਕੱਠੇ
ਇਬਰਾਨੀ ਆਗੂਆਂ ਦੇ ਕੋਲ ਲੈ
ਕੇ ਗਏ। ਜਦ ਮੂਸਾ ਨੇ ਇਬਰਾਨੀ
ਆਗੂਆਂ ਨੂੰ ਚਿੰਨ ਵਿਖਾਏ, ਉਹ
ਜਾਣ ਗਏ ਕੇ ਪਰਮੇਸ਼ਵਰ ਉਹਨਾਂ
ਦੀ ਸਹਾਇਤਾ ਕਰੇਗਾ।



ਉਹਨਾਂ ਨੇ ਉਪਾਸਨਾ ਲਈ
ਇੱਕਠੇ ਸਿਰ ਝੁਕਾਏ।



ਮੂਸਾ ਅਤੇ ਹਾਰੂਨ ਬਹਾਦਰੀ ਨਾਲ ਫ਼ਿਰਾਊਨ ਦੇ ਕੋਲ ਗਏ। ਉਹਨਾਂ ਨੇ ਉਸ ਨੂੰ ਕਿਹਾ, “ਪਰਮੇਸ਼ਵਰ ਕਹਿੰਦਾ ਹੈ, ‘ਮੇਰੇ ਲੋਕਾਂ ਨੂੰ ਜਾਣ ਦੇ’।”



ਫ਼ਿਰਾਊਨ ਨੇ ਉੱਤਰ ਦਿੱਤਾ ਮੈਂ ਇਸਰਾਏਲੀਆਂ ਨੂੰ ਜਾਣ ਨਹੀ ਦੇਵਾਂਗਾ। ਉਸਨੇ ਪਰਮੇਸ਼ਵਰ ਦੀ ਆਗਿਆ ਨਹੀ ਮੰਨੀ।



ਪਰਮੇਸ਼ਵਰ ਨੂੰ ਫ਼ਿਰਾਊਨ ਦੇ ਦਿਮਾਗ ਨੂੰ ਬਦਲਣ ਲਈ ਆਪਣੀ ਮਹਾਨ ਤਾਕਤ ਦਾ ਇਸਤੇਮਾਲ ਕਰਨਾ ਹੋਵੇਗਾ।



# ਇੱਕ ਰਾਜਕੁਮਾਰ ਅਯਾਲੀ ਬਣਿਆ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਕੂਚ ਦੀ ਕਿਤਾਬ 2-5

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

# ਸਮਾਪਤ

ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੌਤ ਹੈ, ਪਰ ਪਰਮੇਸ਼ਵਰ ਤੁਹਾਨੂੰ ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੌਤੇ ਪੁੱਤਰ ਯਿਸੂ ਨੂੰ ਭੇਜ਼ਿਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡੇ ਗੁਨਾਹਾਂ ਲਈ ਸ਼ਜਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ਼ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜ੍ਹੋ ਅਤੇ ਰੋਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੂੰਨਾ ਦੀ ਇੰਜ਼ੀਲ 3:16